# ਪੰਜਾਬੀ
# TMA
**(Senior Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

**ਪ੍ਰ.1. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਲਿਖਦੇ ਸਮੇਂ ਵੱਖ-ਵੱਖ ਵਾਕਾਂ ਜਿਵੇਂ ਸੰਯੁਕਤ, ਮਿਸ਼ਰਤ, ਸਾਧਾਰਨ, ਗੁੰਝਲਦਾਰ ਆਦਿ ਵਾਕਾਂ ਨੂੰ ਪੜ੍ਹਦੇ ਅਤੇ ਲਿਖਦੇ ਹੋ। ਇਸੇ ਤਰ੍ਹਾਂ ਵੱਖ-ਵੱਖ ਵਾਕਾਂ ਦੀ ਪਰਿਭਾਸ਼ਾ ਦਿੰਦੇ ਹੋਏ ਬਿਆਨੀਆ ਵਾਕ ਬਾਰੇ ਜਾਣਕਾਰੀ ਦਿਓ।

ਜਾਂ

ਹਰ ਖੇਤਰ ਦਾ ਆਪਣਾ ਸੱਭਿਆਚਾਰ ਹੁੰਦਾ ਹੈ ਜਿਸ ਦਾ ਪ੍ਰਭਾਵ ਉਸਦੇ ਵਸਨੀਕਾਂ ਤੇ ਪੈਂਦਾ ਹੈ। ਇਸ ਤਰ੍ਹਾਂ ਪੰਜਾਬ ਦੇ ਜੁਆਨਾਂ ਦਾ ਵੀ ਸੁਭਾਅ ਹੈ। **'ਪੰਜਾਬ'** ਕਵਿਤਾ ਦੇ ਅਧਾਰ ਤੇ ਉਥੋਂ ਦੇ ਜਵਾਨਾਂ ਦੇ ਸੁਭਾਅ ਬਾਰੇ ਜਾਣਕਾਰੀ ਦਿਓ।

**ਪ੍ਰ.2. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਸ਼ਹੂਰ ਲੇਖਕ, ਅਦਾਕਾਰ ਬਲਰਾਜ ਸਾਹਨੀ ਨੇ ਆਪਣੇ ਜੀਵਨ ਵਿੱਚ ਜਿੱਥੇ ਅਦਾਕਾਰੀ ਅੰਦਰ ਆਪਣੇ ਦੇ ਜੌਹਰ ਵਿਖਾਏ ਉਥੇ ਹੀ ਸਾਹਿਤ ਰਚਨਾ ਵਿੱਚ ਉਹਨਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। 'ਅਥਰੂ' ਵਾਰਤਕ ਰਚਨਾ ਬਾਰੇ ਭਾਵ ਪੂਰਨ ਟਿੱਪਣੀ ਲਿਖੋ।

ਜਾਂ

ਬਾਬਾ ਫਰੀਦ ਦੇ ਸਲੋਕਾਂ ਦਾ ਵਿਸ਼ਾ ਵਸਤੂ ਕੀ ਹੈ? ਉਹਨਾਂ ਨੇ ਆਪਣੇ ਸਲੋਕਾਂ ਵਿੱਚ ਮਨੁੱਖ ਨੂੰ ਕੀ ਨੈਤਿਕ ਸਿੱਖਿਆ ਦਿੱਤੀ ਹੈ?

**ਪ੍ਰ.3. ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਦੇਸ-ਪ੍ਰਦੇਸ ਦੀ ਯਾਤਰਾ ਕਰਦੇ ਹੋ ਤਾਂ ਉਥੋਂ ਦੇ ਲੋਕਾਂ ਦੇ ਰਹਿਣ-ਸਹਿਣ ਬਾਰੇ ਵੀ ਜਾਣਕਾਰੀ ਹਾਸਲ ਕਰਦੇ ਹੋਵੋਗੇ। ਨਿਊਯਾਰਕ ਸ਼ਹਿਰ ਤੇ ਜਿਸ ਸ਼ਹਿਰ ਵਿੱਚ ਤੁਸੀਂ ਰਹਿੰਦੇ ਹੋ ਉਸ ਸ਼ਹਿਰ ਦੀ ਤੁਲਨਾ ਕਰਦੇ ਹੋਏ ਆਪਣੇ ਵਿਚਾਰ ਲਿਖੋ।

ਜਾਂ

ਕਿਸੀ ਗੱਲਬਾਤ ਨੂੰ ਲਿਖਤੀ ਰੂਪ ਦੇਣ ਲਈ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਇਹਨਾਂ ਵਾਕਾਂ ਵਿਚਲੇ ਭਾਵਾਂ ਨੂੰ ਪ੍ਰਗਟ ਕਰਨ ਲਈ ਕਿਹੋ ਜਿਹੇ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ? ਉਹਨਾਂ ਦੇ ਨਾਂ ਲਿਖੋ ਤੇ ਕਿਸੀ ਇੱਕ ਵਾਕ ਦੀ ਕਿਸਮ ਦੀ ਪਰਿਭਾਸ਼ਾ ਲਿਖੋ।

ਪ੍ਰ.4. **ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਲੇਖਕ ਕਰਤਾਰ ਸਿੰਘ ਦੁੱਗਲ ਬਚਪਨ ਤੋਂ ਹੀ ਵਿਗਿਆਨਕ ਸੋਚ ਦਾ ਧਾਰਣੀ ਸੀ। ਜਿਸ ਕਰਕੇ ਉਹ ਹਰ ਗੱਲ ਨੂੰ ਤਾਰਕਿਕ ਢੰਗ ਨਾਲ ਕਰਦਾ ਸੀ। ਉਸ ਵੱਲੋਂ ਮਹਾਂਪੁਰਖਾਂ ਬਾਰੇ ਕਿੰਤੂ-ਪਰੰਤੂ ਕਰਨ ਕਰਕੇ ਕਈ ਵਾਰੀ ਉਹਦੀ ਮਾਂ ਨਾਲ ਲੜਾਈ ਵੀ ਹੋ ਜਾਂਦੀ ਸੀ। ਸਹੀ ਅਰਥਾਂ ਵਿੱਚ ਲੇਖਕ ਨੂੰ 'ਪੰਜਾ ਸਾਹਿਬ' ਦੀ ਸਾਖੀ ਬਾਰੇ ਕਿਵੇਂ ਅਤੇ ਕਦੋਂ ਯਕੀਨ ਆਇਆ।

ਜਾਂ

ਪੰਜਾਬ ਦੀ ਧਰਤੀ ਪ੍ਰੇਮ-ਪਿਆਰ ਦੇ ਕਿੱਸਿਆਂ ਨੂੰ ਆਪਣੇ ਸੱਭਿਆਚਾਰ ਵਿੱਚ ਸੰਭਾਲੀ ਬੈਠੀ ਹੈ? ਰਾਂਝੇ ਨੇ ਬਾਲਨਾਥ ਯੋਗੀ ਤੋਂ ਜੋਗ ਧਾਰਨ ਕੀਤਾ ਤੇ ਫੇਰ ਜੋਗ ਵਾਪਸ ਲੈਣ ਲਈ ਜ਼ੋਰ ਪਾਇਆ। ਅਜਿਹਾ ਕਿਉਂ ਹੋਇਆ? ਇਸ ਪੂਰੇ ਕਿੱਸੇ ਬਾਰੇ ਆਪਣੇ ਸ਼ਬਦਾਂ ਵਿੱਚ ਜਾਣਕਾਰੀ ਦਿਓ।

ਪ੍ਰ. 5. **ਕਿਸੇ ਇਕ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦਿਉ —** (4)

ਕਰਾਮਾਤ ਕਹਾਣੀ ਵਿੱਚ ਸਿਰਲੇਖ ਅਨੁਸਾਰ ਕੋਈ ਕਰਾਮਾਤ ਘੱਟਦੀ ਹੋਈ ਨਜ਼ਰ ਨਹੀਂ ਆਉਂਦੀ। ਲੇਕਿਨ ਇਹ ਸਿਰਲੇਖ ਸਾਨੂੰ ਇੱਕ ਵੱਖਰੀ ਕਿਸਮ ਦਾ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ। ਉਹ ਸੁਨੇਹਾ ਕਿਹੜਾ ਹੈ? ਆਪਣੇ ਵਿਚਾਰ ਪ੍ਰਗਟ ਕਰੋ।

ਜਾਂ

ਆਮ ਧਾਰਨਾ ਹੈ ਹਰ ਬਾਰਾਂ ਕੋਹ ਦੇ ਭਾਸ਼ਾ ਆਪਣਾ ਰੂਪ ਬਦਲ ਲੈਂਦੀ ਹੈ। ਇਸ ਬਾਰੇ ਆਪਣੇ ਆਲੇ-ਦੁਆਲੇ ਵੀ ਮਹਿਸੂਸ ਕੀਤਾ ਹੋਵੇਗਾ। ਪੰਜਾਬੀ ਭਾਸ਼ਾ ਦੀ ਪ੍ਰਮੁੱਖ ਉਪ-ਭਾਸ਼ਾਵਾਂ ਕਿਹੜੀਆਂ ਹਨ? ਇਹਨਾਂ ਭਾਸ਼ਾਵਾਂ ਦੇ ਨਾਮ ਅਤੇ ਇਲਾਕਿਆਂ ਬਾਰੇ ਜਾਣਕਾਰੀ ਦਿਓ।

ਪ੍ਰ. 6. 500 **ਸ਼ਬਦਾਂ ਵਿੱਚ ਕੋਈ ਇੱਕ ਪ੍ਰੋਜੈਕਟ ਬਣਾਓ—** (6)

ਕਰਾਮਾਤ ਕਹਾਣੀ ਦੇ ਲੇਖਕ ਕਰਤਾਰ ਸਿੰਘ ਦੁੱਗਲ ਨੂੰ ਪੰਜਾ ਸਾਹਿਬ ਦੇ ਸਾਕੇ ਬਾਰੇ ਸੁਣ ਕੇ ਪੰਜਾ ਸਾਹਿਬ ਵਾਲੀ ਸਾਖੀ ਤੇ ਯਕੀਨ ਹੋ ਗਿਆ। ਇਹਨਾਂ ਦੋਹਾਂ ਘਟਨਾਵਾਂ ਬਾਰੇ, ਸਾਖੀ ਅਤੇ ਸਾਕੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੇ ਹੋਏ ਤਸਵੀਰ ਸਹਿਤ ਪ੍ਰੋਜੈਕਟ ਤਿਆਰ ਕਰੋ।

ਜਾਂ

ਅੱਜ ਅਮਰੀਕਾ ਵਿਸ਼ਵ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਸਮਰੱਥ ਮੁਲਕ ਹੈ। ਇਥੋਂ ਦੇ ਲੋਕਾਂ ਦੇ ਖਾਣ-ਪੀਣ ਤੇ ਰਹਿਣ ਸਹਿਣ ਦਾ ਢੰਗ ਵੀ ਵੱਖਰਾ ਹੈ। ਆਪਣੇ ਮੁਲਕ ਦੇ ਨਾਲ ਤੁਲਨਾ ਕਰਦੇ ਹੋਏ ਇਸ ਬਾਰੇ ਇਕ ਤਾਲਿਕਾ ਤਿਆਰ ਕਰੋ ਤੇ ਲੋੜ ਮੁਤਾਬਕ ਤਸਵੀਰਾਂ ਦੀ ਵਰਤੋਂ ਵੀ ਕਰੋ।